- ਡੂਡਲੇ (Dudley) ਦੀ ਸਥਾਨਕ ਪੇਸ਼ਕਸ਼ ਅਤੇ ਸਹਾਇਤਾ ਪ੍ਰਾਪਤ ਕਰਨ ਲਈ ਤੁਸੀਂ ਕਿਵੇਂ ਇਸ ਨੂੰ ਵਰਤ ਸਕਦੇ ਹੋ
- ਦਿਮਾਗੀ ਸਮਰੱਥਾ ਅਤੇ ਫੈਸਲੇ ਲੈਣ ਬਾਰੇ ਜ਼ਿਆਦਾ ਜਾਣਕਾਰੀ
- ਸਮਰਥਨ

## SENDIASS ਤੁਹਾਡੇ ਲਈ ਕੀ ਕਰ ਸਕਦਾ ਹੈ?

- ਉਸ ਤਰੀਕੇ ਨਾਲ ਸੂਚਨਾ ਨੂੰ ਸਮਝਾਉਣਾ ਜੋ ਤੁਹਾਨੂੰ ਸਮਝ ਆਵੇਗੀ
- ਤੁਹਾਡੇ ਨਾਲ ਮੀਟਿੰਗਾਂ ਤੇ ਜਾਣਾ
- ਤੁਹਾਡੇ ਲਈ ਪੱਤਰ ਲਿਖਣੇ ਅਤੇ ਫਾਰਮ ਭਰਨੇ
- ਸਹਾਇਤਾ ਤਕ ਪਹੁੰਚ ਬਣਾਉਣ ਲਈ ਪੇਸ਼ਕਸ਼ ਕਰਨੀ ਜੇ ਤੁਹਾਡਾ EHC ਲੋੜ ਮੁਲਾਂਕਣ ਹੋ ਰਿਹਾ ਹੈ
- ਉਦੋਂ ਮਦਦ ਕਰਨੀ ਜਦੋਂ ਚੀਜ਼ਾਂ ਗਲਤ ਹੁੰਦੀਆਂ ਹਨ ਅਤੇ ਵਿਸ਼ੇਸ਼ ਵਿਦਿਅਕ ਲੋੜਾਂ ਅਤੇ/ਜਾਂ ਅਯੋਗਤਾਵਾਂ ਨਾਲ ਸ਼ਿਕਾਇਤਾਂ ਤੇ ਸਲਾਹ ਦੇਣਾ ਜਿਸ ਵਿੱਚ ਤੁਹਾਡੀ ਸਿਹਤ ਅਤੇ ਸਮਾਜਿਕ ਸੰਭਾਲ ਨਾਲ ਸੰਬੰਧਿਤ ਸ਼ਾਮਲ ਹਨ

## ਕੀ ਤੁਸੀਂ SENDIASS ਨੂੰ ਆਪਣੇ-ਆਪ ਸੰਪਰਕ ਕਰ ਸਕਦੇ ਹੋ?

ਅਸੀਂ ਅਕਸਰ ਮਾਪਿਆਂ, ਬੱਚਿਆਂ ਅਤੇ ਨੌਜਵਾਨਾਂ ਨਾਲ ਇਕੱਠੇ ਕੰਮ ਕਰਾਂਗੇ, ਪਰ ਅਸੀਂ ਬੱਚਿਆਂ ਅਤੇ ਨੌਜਵਾਨਾਂ ਨੂੰ ਵੱਖਰੀ ਸੇਵਾ ਪ੍ਰਦਾਨ ਕਰਨ ਦੇ ਸਮਰੱਥ ਵੀ ਹਾਂ।

- ਤੁਸੀਂ ਸਾਨੂੰ ਹੇਠਾਂ ਦਿੱਤੇ ਸੰਪਰਕ ਵੇਰਵਿਆਂ ਤੇ ਆਪਣੇ-ਆਪ ਸੰਪਰਕ ਕਰ ਸਕਦੇ ਹੋ। ਅਸੀਂ ਫੋਨ ਤੇ, ਈਮੇਲ ਰਾਹੀਂ ਜਾਣਕਾਰੀ, ਸਲਾਹ ਅਤੇ ਸਹਾਇਤਾ ਪ੍ਰਦਾਨ ਕਰ ਸਕਦੇ ਹਾਂ ਜਾਂ ਅਸੀਂ ਤੁਹਾਡੇ ਨਾਲ ਮਿਲਣ ਦਾ ਪ੍ਰਬੰਧ ਕਰ ਸਕਦੇ ਹਾਂ। ਤੁਸੀਂ ਕਿਸੇ ਹੋਰ ਨੂੰ ਵੀ ਆਪਣੇ ਲਈ SENDIASSਨਾਲ ਸੰਪਰਕ ਕਰਨ ਲਈ ਕਹਿ ਸਕਦੇ ਹੋ ਜਿਵੇਂ ਕਿ ਤੁਹਾਡੇ ਮਾਪੇ ਜਾਂ ਸੰਭਾਲਕਰਤਾ
- ਤੁਸੀਂ ਮੀਟਿੰਗ ਤੇ ਨਿਰਸੰਦੇਹ ਕਿਸੇ ਨੂੰ ਵੀ ਆਪਣੇ ਨਾਲ ਲਿਆ ਸਕਦੇ ਹੋ ਜਿਵੇਂ ਕਿ ਮਾਪੇ, ਸੰਭਾਲਕਰਤਾ ਜਾਂ ਵਕੀਲ

## ਜ਼ਿਆਦਾ ਜਾਣਕਾਰੀ ਲਈ:

ਡੂਡਲੇ (Dudley) SEND ਜਾਣਕਾਰੀ, ਸਲਾਹ ਅਤੇ ਸਹਾਇਤਾ ਸੇਵਾ

ਇੱਕ ਜਵਾਬ ਦੇਣ ਵਾਲੀ ਮਸ਼ੀਨ ਕੰਮ ਕਰਦੀ ਹੈ, ਕਿਰਪਾ ਕਰਕੇ ਸੁਣੇਹਾ ਛੱਡੋ ਅਤੇ ਅਸੀਂ ਤੁਹਾਨੂੰ ਵਾਪਸ ਕਾਲ ਕਰਾਂਗੇ।


**ਟੈਲੀ:** 07900 161363

**ਈ-ਮੇਲ:** dudley.sendiass@dudley.gov.uk

**ਵੈੱਬ:** http://dudleysendiass.org.uk/


Dudley
Metropolitan Borough Council



# ਬੱਚੇ ਅਤੇ ਨੌਜਵਾਨ

## ਡੂਡਲੇ ਵਿਸ਼ੇਸ਼ ਵਿਦਿਅਕ ਲੋੜਾਂ ਅਤੇ ਅਯੋਗਤਾ ਜਾਣਕਾਰੀ, ਸਲਾਹ ਅਤੇ ਸਹਾਇਤਾ ਸੇਵਾ (SENDIASS)

**ਅਸੀਂ ਵਿਸ਼ੇਸ਼ ਵਿਦਿਅਕ ਲੋੜਾਂ ਜਾਂ ਅਯੋਗਤਾ ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਜਾਣਕਾਰੀ ਪ੍ਰਦਾਨ ਕਰ ਸਕਦੇ ਹਾਂ**

- ਇੱਕ ਬੱਚਾ ਉਹ ਹੈ ਜਿਸ ਦੀ ਉਮਰ ਲਾਜ਼ਮੀ ਸਕੂਲ ਉਮਰ ਤੋਂ ਘੱਟ ਹੈ। ਲਾਜ਼ਮੀ ਸਕੂਲ ਉਮਰ ਉਸ ਸਾਲ ਵਿੱਚ ਗਰਮੀ ਦੀ ਮਿਆਦ ਦੇ ਅਖੀਰਲੇ ਦਿਨ ਤੋਂ ਬਾਅਦ ਖਤਮ ਹੋ ਜਾਂਦੀ ਹੈ ਜਦੋਂ ਬੱਚਾ 16 ਸਾਲ ਦਾ ਹੋ ਜਾਂਦਾ ਹੈ
- ਇੱਕ ਨੌਜਵਾਨ ਉਹ ਹੈ ਜੋ ਲਾਜ਼ਮੀ ਸਕੂਲ ਉਮਰ ਤੋਂ ਜ਼ਿਆਦਾ ਪਰ 25 ਸਾਲ ਤੋਂ ਘੱਟ ਹੈ

• ਮੁਫਤ • ਨਿਰਪੱਖ • ਗੁਪਤ







ਬੱਚਿਆਂ ਅਤੇ ਪਰਿਵਾਰਾਂ ਦੀ ਧਾਰਾ 2014 (The Children and Families Act 2014) ਨੇ ਇਸ ਵਿੱਚ ਕੁਝ ਬਦਲਾਅ ਕੀਤੇ ਹਨ ਕਿ ਕਿਵੇਂ ਕੁਝ ਬੱਚੇ, ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਕੀਤੀ ਜਾਵੇ।

ਡੂਡਲੇ SENDIASS ਮਾਪਿਆਂ ਅਤੇ ਸੰਭਾਲਕਰਤਾਵਾਂ ਅਤੇ ਬੱਚਿਆਂ ਅਤੇ ਨੌਜਵਾਨਾਂ ਨੂੰ ਇਕੱਲੇ ਜਾਂ ਉਨ੍ਹਾਂ ਦੇ ਮਾਪਿਆਂ ਦੇ ਨਾਲ 25 ਸਾਲ ਦੀ ਉਮਰ ਤਕ ਸਲਾਹ ਦੇ ਸਕਦੇ ਹਨ।

ਇੱਕ ਬਚੇ ਜਾਂ ਨੌਜਵਾਨ ਨੂੰ ਵਿਸ਼ੇਸ਼ ਵਿਦਿਅਕ ਲੋੜਾਂ ਦੀ ਜ਼ਰੂਰਤ ਪੈ ਸਕਦੀ ਹੈ ਜੇ:

- ਉਨ੍ਹਾਂ ਨੂੰ ਸਿੱਖਣ ਵਿੱਚ ਆਪਣੀ ਉਮਰ ਦੇ ਹੋਰ ਲੋਕਾਂ ਨਾਲੋਂ ਜ਼ਿਆਦਾ ਮੁਸ਼ਕਿਲ ਹੁੰਦੀ ਹੈ
- ਉਨ੍ਹਾਂ ਚੁਣੌਤੀਆਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਜਿਸ ਨਾਲ ਉਨ੍ਹਾਂ ਦਾ ਸਕੂਲ ਜਾਂ ਕਾਲਜ ਜਾਣਾ ਮੁਸ਼ਕਿਲ ਹੁੰਦਾ ਹੈ
- ਉਨ੍ਹਾਂ ਨੂੰ ਸਿੱਖਣ ਵਿੱਚ ਵਾਧੂ ਜਾਂ ਵੱਖਰੀ ਸਹਾਇਤਾ ਦੀ ਲੋੜ ਪੈਂਦੀ ਹੈ

ਇੱਕ ਬੱਚਾ ਜਾਂ ਨੌਜਵਾਨ ਜਿਸ ਨੂੰ ਅਯੋਗਤਾਵਾਂ ਹਨ

- ਨੂੰ ਉਸ ਦੀ ਸਿਹਤ ਨਾਲ ਸਮੱਸਿਆਵਾਂ ਹੋ ਸਕਦੀਆਂ ਹਨ
- ਕੰਮ ਕਰਨ ਵਿੱਚ ਹੋਰ ਲੋਕਾਂ ਨਾਲੋਂ ਜ਼ਿਆਦਾ ਮੁਸ਼ਕਿਲ ਹੋ ਸਕਦੀ ਹੈ

ਜਿਵੇਂ ਨੌਜਵਾਨ ਵੱਡੇ ਹੁੰਦੇ ਹਨ ਅਤੇ ਆਪਣੇ ਵਿਚਾਰ ਜ਼ਿਆਦਾ ਬਣਾਉਂਦੇ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਖੁਦ ਦੇ ਭਵਿੱਖ ਬਾਰੇ ਫੈਸਲਿਆਂ ਵਿੱਚ ਜ਼ਿਆਦਾ ਸ਼ਾਮਲ ਕਰਨਾ ਚਾਹੀਦਾ ਹੈ।

ਲਾਜ਼ਮੀ ਸਕੂਲ ਉਮਰ ਤੋਂ ਬਾਅਦ ਆਪਣੀਆਂ ਵਿਸ਼ੇਸ਼ ਵਿਦਿਅਕ ਲੋੜਾਂ ਅਤੇ/ਜਾਂ ਅਯੋਗਤਾਵਾਂ ਬਾਰੇ ਫੈਸਲੇ ਲੈਣ ਅਤੇ ਬੇਨਤੀਆਂ ਕਰਨ ਦਾ ਅਧਿਕਾਰ ਉਸ ਦੇ ਮਾਪਿਆਂ ਦੀ ਬਜਾਏ ਸਿੱਧਾ ਉਸ ਵਿਅਕਤੀ ਕੋਲ ਹੈ।

ਮਾਪੇ ਜਾਂ ਹੋਰ ਪਰਿਵਾਰਕ ਮੈਂਬਰ ਨੌਜਵਾਨਾਂ ਦੀ ਫੈਸਲੇ ਲੈਣ ਵਿੱਚ ਸਹਾਇਤਾ ਕਰਨੀ ਜਾਰੀ ਰੱਖ ਸਕਦੇ ਹਨ ਜਾਂ ਉਨ੍ਹਾਂ ਵਲੋਂ ਕੰਮ ਕਰ ਸਕਦੇ ਹਨ, ਬਸ਼ਰਤੇ ਕਿ ਨੌਜਵਾਨ ਵਿਅਕਤੀ ਉਨ੍ਹਾਂ ਦੇ ਇਸ ਤਰ੍ਹਾਂ ਕਰਨ ਤੋਂ ਖੁਸ਼ ਹੋਵੇ, ਅਤੇ ਇਸ ਦੀ ਉਮੀਦ ਹੁੰਦੀ ਹੈ ਕਿ ਬਹੁਤ ਜ਼ਿਆਦਾ ਮਾਮਲਿਆਂ ਵਿੱਚ ਮਾਪੇ ਬਹੁਤ ਨਜ਼ਦੀਕੀ ਨਾਲ ਸ਼ਾਮਲ ਹੋਣਗੇ।

- ਕਈ ਵਾਰ ਕੁਝ ਨੌਜਵਾਨ ਫੈਸਲੇ ਲੈਣ ਦੇ ਸਮਰੱਥ ਨਹੀਂ ਹੋਣਗੇ। ਇਸ ਨੂੰ ਸਮਰੱਥਾ ਦੀ ਘਾਟ ਕਹਿੰਦੇ ਹਨ ਅਤੇ ਉਨ੍ਹਾਂ ਨੂੰ ਦਿਮਾਗੀ ਸਮਰੱਥਾ ਮੁਲਾਂਕਣ ਕਰਵਾਉਣ ਦੀ ਲੋੜ ਹੋ ਸਕਦੀ ਹੈ।
- ਜੇ ਤੁਸੀਂ 16 ਸਾਲ ਤੋਂ ਘੱਟ ਉਮਰ ਦੇ ਹੋ, ਤਾਂ ਤੁਹਾਡੇ ਮਾਪੇ ਤੁਹਾਡੀ ਜ਼ਿੰਦਗੀ ਦੇ ਫੈਸਲੇ ਲੈਣ ਲਈ ਮੁੱਖ ਵਿਅਕਤੀ ਹੋ ਸਕਦੇ ਹਨ ਪਰ ਤੁਹਾਨੂੰ ਕਹਿਣਾ ਚਾਹੀਦਾ ਹੈ ਕਿ ਤੁਹਾਡੇ ਅਨੁਸਾਰ ਤੁਹਾਨੂੰ ਕਿਸ ਤਰ੍ਹਾਂ ਦੀ ਸਹਾਇਤਾ ਦੀ ਲੋੜ ਹੈ ਅਤੇ ਤੁਸੀਂ ਭਵਿੱਖ ਵਿੱਚ ਕੀ ਕਰਨਾ ਚਾਹੁੰਦੇ ਹੋ। ਤੁਹਾਨੂੰ ਇਹ ਕਰਨ ਵਿੱਚ ਮਦਦ ਲਈ ਸਹਾਇਤਾ ਦੀ ਲੋੜ ਪੈ ਸਕਦੀ ਹੈ, ਡੂਡਲੇ SENDIASS ਇਹ ਸਹਾਇਤਾ ਪ੍ਰਦਾਨ ਕਰ ਸਕਦਾ ਹੈ।

## SENDIASS ਕੀ ਕਰਦਾ ਹੈ?

ਅਸੀਂ ਕਨੂੰਨ ਤੇ ਅਧਾਰਿਤ ਅਸਮਰੱਥ ਹੋਣ ਤੇ ਜਾਂ ਵਿਸ਼ੇਸ਼ ਵਿਦਿਅਕ ਲੋੜਾਂ ਨਾਲ ਸੰਬੰਧਿਤ ਵਿਦਿਆ ਕਨੂੰਨ ਤੇ ਜਾਣਕਾਰੀ, ਸਲਾਹ ਅਤੇ ਸਹਾਇਤਾ ਪ੍ਰਦਾਨ ਕਰਦੇ ਹਾਂ।
ਸਿੱਖਿਆ, ਸਿਹਤ ਅਤੇ ਸਮਾਜਿਕ ਸੰਭਾਲ ਨਾਲ ਸੰਬੰਧਿਤ ਮੁੱਦੇ
ਅਸੀਂ ਤੁਹਾਨੂੰ ਸੁਣਨ ਅਤੇ ਮਦਦ ਕਰਨ ਲਈ ਹਾਂ ਪਰ ਜੇ SENDIASS ਕਿਸੇ ਚੀਜ਼ ਤੇ ਤੁਹਾਡੀ ਮਦਦ ਨਹੀਂ ਕਰ ਸਕਦਾ ਹੈ ਤਾਂ ਅਸੀਂ ਕੋਈ ਹੋਰ ਜਗ੍ਹਾ ਜਾਂ ਸੇਵਾ ਲੱਭਣ ਲਈ ਸਭ ਤੋਂ ਵਧੀਆ ਕੋਸ਼ਿਸ਼ ਕਰਾਂਗੇ ਜੋ ਇਹ ਕਰ ਸਕਦੀ ਹੈ।

– SENDIASS **ਨਿਰਪੱਖ** ਹੈ

ਇਸ ਦਾ ਮਤਲਬ ਹੈ ਕਿ ਅਸੀਂ ਤੁਹਾਨੂੰ ਨਹੀਂ ਦੱਸਾਂਗੇ ਕਿ ਕੀ ਕਰਨਾ ਹੈ। ਅਸੀਂ ਤੁਹਾਨੂੰ ਸੱਚੀ ਅਤੇ ਸਾਫ ਜਾਣਕਾਰੀ ਦੇਵਾਂਗੇ ਤਾਂ ਜੋ ਤੁਸੀਂ ਆਪਣੇ ਖੁਦ ਦੇ ਫੈਸਲੇ ਲੈ ਸਕੋ।

– SENDIASS **ਗੁਪਤ** ਹੈ

ਇਸ ਦਾ ਮਤਲਬ ਹੈ ਕਿ ਕੋਈ ਵੀ ਗੱਲਾਂਬਾਤਾਂ ਜਾਂ ਮੀਟਿੰਗਾਂ ਨਿੱਜੀ ਹੋਣਗੀਆਂ ਅਤੇ ਅਸੀਂ ਤੁਹਾਡੀ ਇਜਾਜ਼ਤ ਤੋਂ ਬਿਨਾਂ ਕਿਸੇ ਵੀ ਚੀਜ਼ ਦੀ ਕਿਸੇ ਹੋਰ ਨਾਲ ਚਰਚਾ ਨਹੀਂ ਕਰਾਂਗੇ। ਇਹ ਉਸ ਤੇ ਲਾਗੂ ਨਹੀਂ ਹੁੰਦਾ ਹੈ ਜੇ ਕਿਸੇ ਨੂੰ ਨੁਕਸਾਨ ਹੋਣ ਦਾ ਖਤਰਾ ਹੈ।

## ਤੁਹਾਨੂੰ ਕਿਸ ਤਰ੍ਹਾਂ ਦੀ ਜਾਣਕਾਰੀ ਅਤੇ ਸਲਾਹ ਮਿਲ ਸਕਦੀ ਹੈ?

- ਸਮਝਾਵਾਂਗੇ ਕਿ ਇੱਕ ਸਕੂਲ ਜਾਂ ਕਾਲਜ ਵਿਦਿਆਰਥੀ ਨੂੰ ਕਿਹੜੀ ਸਹਾਇਤਾ ਪੇਸ਼ ਕਰ ਸਕਦਾ ਹੈ
- ਸਿੱਖਿਆ ਸਿਹਤ ਸੰਭਾਲ ਮੁਲਾਂਕਣ ਲਈ ਬੇਨਤੀ ਕਰਨ ਵਿੱਚ ਸਹਾਇਤਾ
- ਸਲਾਹ ਦੇਵਾਂਗੇ ਜਦੋਂ ਤੁਹਾਨੂੰ ਸਿੱਖਿਆ, ਸਿਹਤ ਅਤੇ ਸੰਭਾਲ ਪਲਾਨ (EHC ਪਲਾਨ) ਦਾ ਖਰੜਾ ਮਿਲਦਾ ਹੈ
- ਮਦਦ ਕਰਾਂਗੇ ਜੇ ਤੁਸੀਂ EHC ਪਲਾਨ ਵਿੱਚ ਲਿਖੀਆਂ ਚੀਜ਼ਾਂ ਨਾਲ ਸਹਿਮਤ ਨਹੀਂ ਹੋ
- SEND ਮੁੱਦਿਆਂ ਨਾਲ ਸੰਬੰਧਿਤ ਸ਼ਿਕਾਇਤਾਂ ਤੇ ਸਲਾਹ, ਵਿਸ਼ੇਸ਼ ਵਿਦਿਅਕ ਲੋੜਾਂ ਅਤੇ ਅਯੋਗਤਾ ਟ੍ਰਿਬਿਊਨਲ ਕੋਲ ਅਪੀਲ ਕਰਨ ਵਿੱਚ ਸਹਾਇਤਾ ਸਮੇਤ
- ਵਿਚੋਲਗੀ ਸਮਝਾਉਣ ਵਿੱਚ ਮਦਦ
- ਵਿਅਕਤੀਗਤ ਬਜਟ